ਭਗਤ ਨਾਮਦੇਵ - ਸਬਦ ੫੯

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥

ਰਾਗੁ ਪ੍ਰਭਾਤੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੩੫੦

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥
ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ ॥੧॥
ਬੇਧੀਅਲੇ ਗੋਪਾਲ ਗੋੁਸਾਈ ॥
ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥੧॥ ਰਹਾਉ ॥
ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥
ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥੨॥
ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥
ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥
ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥
ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥੪॥੧॥

ਸਾਰ: ਅਣਜਾਣ ਮਨ ਅਕਸਰ ਵੰਨ-ਸੁਵੰਨਤਾ ਨੂੰ ਵਿਛੋੜੇ ਦੀ ਭਾਵਨਾ ਨਾਲ ਉਲਝਾ ਲੈਂਦਾ ਹੈ, ਅਤੇ ਵਖਰੇਵਿਆਂ ਨੂੰ ਟਕਰਾਅ ਦੇ ਰੂਪ ਵਜੋਂ ਜਾਣ ਲੈਂਦਾ ਹੈ। ਜਿਸ ਨਾਲ ਇਹ ਹੋਂਦ ਨੂੰ ਖੰਡਿਤਤਾ ਦੇ ਰੂਪ ਵੱਜੋਂ ਵੇਖਦਾ ਹੈ। ਇਹ ਸੀਮਤ ਦ੍ਰਿਸ਼ਟੀਕੋਣ ਵੱਖ-ਵੱਖ ਰੂਪਾਂ ਵਿਚ ਪਸਰੀ ਅੰਤਰੀਵ ਏਕਤਾ ਨੂੰ ਨਜ਼ਰਅੰਦਾਜ਼ ਕਰਦਾ ਹੋਇਆ, ਇਹ ਭਰਮ ਪੈਦਾ ਕਰਦਾ ਹੈ ਕਿ ਹਰ ਹਿੱਸਾ ਪੂਰਨਤਾ ਨਾਲੋਂ ਟੁੱਟਿਆ ਹੋਇਆ ਹੈ। ਅਸਥਾਈ ਦਿੱਖਾਂ ਅਤੇ ਗੂੜ੍ਹ ਵਿਸ਼ਵਾਸਾਂ ਤੋਂ ਪ੍ਰਭਾਵਿਤ ਹੋ ਕੇ, ਅਸੀਂ ਤੁਲਨਾ ਅਤੇ ਨਿਰਣਿਆਂ ਦੀ ਘੁੰਮਣਘੇਰੀ ਵਿਚ ਫੱਸ ਜਾਂਦੇ ਹਾਂ। ਜਿਵੇਂ-ਜਿਵੇਂ ਸਾਡੀ ਚੇਤਨਤਾ ਦਾ ਵਿਗਾਸ ਹੁੰਦਾ ਜਾਂਦਾ ਹੈ ਤਾਂ ਅਸੀਂ ਅਨੁਭਵ ਕਰਦੇ ਹਾਂ ਕਿ ਵੰਨ-ਸੁਵੰਨਤਾ ਦਵੈਤ ਦਾ ਰੂਪ ਨਹੀਂ ਹੈ, ਇਹ ਤਾਂ ਇਕ ਸਤਾ ਦੇ ਅਨੇਕਾਂ ਰੂਪਾਂ ਦਾ ਪ੍ਰਗਟਾਵ ਹੈ। ਇਸ ਸਿਧਾਂਤ ਦੀ ਮੂਲ ਭਾਵਨਾ ਨੂੰ ਕਲਾਵੇ ਵਿਚ ਲੈ ਅਸੀਂ ਆਪਣੇ ਆਪ ਨੂੰ ਖੰਡਿਤਤਾ ਤੋਂ ਸਪੱਸ਼ਟਾ ਵੱਲ ਲੈ ਜਾਂਦੇ ਹਾਂ। ਇਹ ਸਵਿਕਾਰ ਕਰਦੇ ਹੋਏ ਕਿ ਵਖਰੇਵੇਂ ਏਕਤਾ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਨ।

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥

ਮਨ ਦੀ ਗੂੜ੍ਹ ਅੰਤਰੀਵੀ ਅਵਸਥਾ ਸਿਰਫ਼ ਮਨ ਹੀ ਜਾਣਦਾ ਹੈ, ਜਾਂ ਇਹ ਉਸ ਵਿਅਕਤੀ ਨਾਲ ਸਾਂਝੀ ਕੀਤੀ ਜਾਂਦੀ ਹੈ ਜਿਸ ਕੋਲ ਇਸ ਨੂੰ ਸਮਝਣ ਦੀ ਸੂਝ ਹੋਵੇ। ਇਹ ਭਾਵ ਸੁਝਾਅ ਦਿੰਦਾ ਹੈ ਕਿ ਮਨੋਵਿਗਿਆਨਕ ਗਹਿਰਾਈ ਅਤੇ ਅੰਤਰੀਵੀ ਸੰਘਰਸ਼ ਦਾ ਅਨੁਭਵ ਬਹੁਤ ਸਮੀਪ ਹੈ, ਅਤੇ ਇਹ ਸਿਰਫ਼ ਸਵੈ-ਜਾਗਰੂਕਤਾ ਦੀ ਪਹੁੰਚ ਵਿਚ ਹੈ, ਜੋ ਇਸ ਦਾ ਮਾਰਗ ਦਰਸ਼ਨ ਕਰ ਸਕਦੀ ਹੈ

ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ ॥੧॥

ਜਦੋਂ ਸਰਬ-ਗਿਆਤਾ ਅਤੇ ਸਰਬ-ਵਿਆਪਕ ਚੇਤਨਾ ਹਰ ਵੇਲੇ ਮੌਜੂਦ ਹੈ; ਤਾਂ ਫਿਰ ਮੈਨੂੰ ਕਿਸ ਗੱਲ ਦਾ ਡਰ? ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਕੋਈ ਸਰਬ-ਵਿਆਪਕ ਚੇਤਨਾ ਨਾਲ ਆਪਣੇ ਅਟੁੱਟ ਸੰਬੰਧ ਨੂੰ ਪਛਾਣ ਲੈਂਦਾ ਹੈ, ਤਾਂ ਉਸ ਦੇ ਮਨ ਵਿਚੋਂ ਹੋਂਦ ਨਾਲ ਜੁੜੇ ਸ਼ੱਕ ਅਤੇ ਅਸੁਰੱਖਿਆ ਦਾ ਭਾਵ ਦੂਰ ਹੋ ਜਾਂਦਾ ਹੈ। (੧)

ਬੇਧੀਅਲੇ ਗੋਪਾਲ ਗੋੁਸਾਈ ॥

ਮੈਨੂੰ ਸਰਵ ਵਿਆਪਕ ਸਤਾ ਦੇ ਅਹਿਸਾਸ ਨੇ ਵਿੰਨ੍ਹ ਸੁੱਟਿਆ ਹੈ। ਇਹ ਭਾਵ ਸੋਝੀ ਦੇ ਉਸ ਤੀਖਣ ਪ੍ਰਭਾਵ ਦਾ ਵਰਣਨ ਕਰਦਾ ਹੈ, ਜਿੱਥੇ ਜਾਗਰੂਕਤਾ ਚੇਤਨਾ ਵਿਚ ਸਮਾ ਜਾਂਦੀ ਹੈ।

ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥੧॥ ਰਹਾਉ ॥

ਮੇਰੀ ਸਰਵ-ਵਿਆਪੀ ਸਤਾ ਹਰ ਜਗ੍ਹਾ ਪਸਰੀ ਹੋਈ ਹੈ। ਇਹ ਭਾਵ ਅਦਵੈਤ ਦੇ ਇਸ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦਾ ਹੈ ਕਿ ਇਕੋ ਇਕ ਊਰਜਾ ਹਰ ਥਾਂ ਮੌਜੂਦ ਹੈ, ਜੋ ਵਿਛੋੜੇ ਦੇ ਭਰਮ ਨੂੰ ਦੂਰ ਕਰਦੀ ਹੈ। (੧)(ਠਹਿਰਾਉ)

ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥

ਇਸ ਦਾ ਵਿਸ਼ਵਾਸ ਹੈ ਕਿ ਸੰਸਾਰ ਇਕ ਬਾਜ਼ਾਰ ਦੀ ਨਿਆਈ ਹੈ, ਜੋ ਧਨ-ਸੰਪਦਾ ਇਕੱਤਰ ਕਰਨ ਵਿਚ ਵਿਸ਼ਵਾਸ ਰੱਖਦਾ ਹੋਇਆ ਵੱਧ ਤੋ ਵੱਧ ਵਸਤਾਂ ਜੋੜ ਕੇ ਰੱਖਣ ਨੂੰ ਮਹੱਤਵ ਦਿੰਦਾ ਹੈ। ਇਹ ਭਾਵ

ਦਰਸਾਉਂਦਾ ਹੈ ਕਿ ਜਿਸ ਸੰਸਾਰ ਨੂੰ ਅਸੀਂ ਦੇਖਦੇ ਹਾਂ ਅਤੇ ਉਸ ਵਿਚਲਾ ਚਲਦਾ ਲੈਣ-ਦੇਣ ਸਾਡੀ ਉਸ ਮਨੋਬਿਰਤੀ ਉਪਰ ਕੇਂਦਰਿਤ ਹੈ ਜਿਸ ਨੂੰ ਸਾਡੇ ਮਨ ਨੇ ਸਿਰਜਿਆ ਹੈ।

ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥੨॥
ਇਹ ਅਣਗਿਣਤ ਵਖਰੇਵਿਆਂ ਅਤੇ ਵੰਡਾਂ ਵਿਚ ਵਿਸ਼ਵਾਸ ਰੱਖਦਾ ਹੈ, ਅਤੇ ਦੁਨਿਆਵੀ ਜੀਵ ਭਰਮ ਵਿਚ ਭਟਕਦਾ ਰਹਿੰਦਾ ਹੈ। ਇਹ ਭਾਵ ਅਣਜਾਣ ਮਨ ਦੀ ਖੰਡਿਤ ਸੋਚ ਬਾਰੇ ਸੰਕੇਤ ਕਰਦਾ ਹੈ, ਜੋ ਵੰਨ-ਸੁਵੰਨਤਾ ਨੂੰ ਦਵੈਤ ਸਮਝ ਲੈਂਦੀ ਹੈ ਜਿਸ ਕਾਰਣ ਭਰਮ ਅਤੇ ਬੇਮਕਸਦ ਧਾਰਨਾਵਾਂ ਦਾ ਉਦਭਵ ਹੁੰਦਾ ਹੈ। (੨)

ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥
ਜਦੋਂ ਗਿਆਨ ਦੀ ਸੂਝ ਮਨ ਵਿਚ ਧੁਰ ਤੱਕ ਵੱਸ ਜਾਂਦੀ ਹੈ, ਤਾਂ ਸੰਦੇਹ ਆਪਣੇ ਆਪ ਦੂਰ ਹੋ ਜਾਂਦੇ ਹਨ। ਇਹ ਭਾਵ ਉਸ ਰੁਪਾਂਤ੍ਰਣ ਨੂੰ ਦਰਸਾਉਂਦਾ ਹੈ ਜਿਸ ਨਾਲ ਅੰਤਰੀਵੀ ਗੂੜ੍ਹ ਅਨੁਭਵ ਦੀ ਸੂਝ ਨਾਲ ਮੇਰ-ਤੇਰ ਦਾ ਭਰਮ ਮਿਟ ਜਾਂਦਾ ਹੈ ਅਤੇ ਮਨ ਸੁਭਾਵਿਕ ਤੌਰ ’ਤੇ ਏਕਮਤਾ ਵਿਚ ਲੀਨ ਹੋ ਜਾਂਦਾ ਹੈ।

ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥
ਸਭ ਕੁਝ ਕੁਦਰਤ ਦੇ ਵਿਧਾਨ ਅਨੁਸਾਰ ਹੋ ਰਿਹਾ ਹੈ, ਜੋ ਆਪਣੇ ਆਪ ਵਿਚ ਸਰਬ-ਵਿਆਪਕ ਹੁਕਮ ਹੈ। ਇਸ ਸਮਾਨਤਾ ਨੂੰ ਪਛਾਣਨ ਨਾਲ ਮਨ ਵਿਚੋਂ ਡਰ ਦੂਰ ਹੁੰਦਾ ਹੈ। ਇਹ ਭਾਵ ਸਹਿਜਤਾ ਵੱਲ ਸੰਕੇਤ ਕਰਦਾ ਹੈ, ਜਿਸ ਵਿਚ ਕਾਰਨ ਅਤੇ ਪ੍ਰਭਾਵ ਨੂੰ ਆਪਣੇ ਅੰਦਰ ਅਤੇ ਸਮੁੱਚੇ ਬ੍ਰਹਿਮੰਡ ਵਿਚ ਚੱਲ ਰਹੀ ਇਕ ਨਿਰੰਤਰ ਪ੍ਰਕਿਰਿਆ ਵਜੋਂ ਸਮਝਿਆ ਜਾਂਦਾ ਹੈ। ਇਸ ਨਾਲ ਅਣਜਾਣ ਚੀਜ਼ਾਂ ਦਾ ਡਰ ਹੌਲੀ-ਹੌਲੀ ਘੱਟ ਹੋ ਜਾਂਦਾ ਹੈ। (੩)

ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥
ਉਹ ਜਿਹੜੇ ਪੁਰਖੋਤਮ, ਸਿਰਮੌਰ ਸਰਬਸਾਂਝੀ ਸਤਾ ਨੂੰ ਸਮਝਦੇ ਅਤੇ ਉਸ ਬਾਰੇ ਚਿੰਤਨ ਕਰਦੇ ਹਨ, ਉਹ ਅਦ੍ਰਿਸ਼ਟ ਸੱਚਾਈ ਨੂੰ ਪ੍ਰਗਟ ਕਰਦੇ ਹਨ। ਇਸ ਤੱਥ ਦਾ ਭਾਵ ਹੈ ਕਿ ਵਿਵਹਾਰ ਵਿਚ ਢਲੀ ਹੋਈ

ਜਾਗਰੂਕਤਾ ਗੁੜ੍ਹ ਸੱਚ ਵਿਚੋਂ ਬੋਲਦੀ ਹੈ ਅਤੇ ਉਸਦੇ ਬੋਲ ਅਨੁਭਵੀ ਗਿਆਨ ਦਾ ਨਿਰਮਲ ਰੂਪ ਹੁੰਦੇ ਹਨ।

ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥੪॥੧॥
ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੇ ਹਿਰਦੇ ਵਿਚ ਉਸ ਹਾਜ਼ਰਤਾ ਨੂੰ ਪਛਾਣ ਲਿਆ ਹੈ ਜੋ ਸਾਰੀ ਸ੍ਰਿਸ਼ਟੀ ਦੀ ਕਰਣਹਾਰ ਹੈ ਅਤੇ ਇਕ ਅਦ੍ਰਿਸ਼ਟ ਅਦਭੁਤ ਸੱਚ ਦੇ ਰੂਪ ਵਿਚ ਪਸਰੀ ਹੋਈ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਾਰੇ ਸੰਸਾਰ ਨੂੰ ਚਲਾਉਣ ਵਾਲੀ ਜੀਵਨ-ਸ਼ਕਤੀ ਬਾਹਰੀ ਰੂਪਾਂ ਵਿਚ ਨਹੀਂ, ਸਗੋਂ ਮਨੁੱਖ ਦੇ ਅੰਦਰ ਹੀ ਵਿਦਮਾਨ ਹੈ। (੪)(੧)

ਤੱਤ: ਭਗਤ ਨਾਮਦੇਵ ਦਰਸਾਉਂਦੇ ਹਨ ਕਿ ਅਸਲ ਜਾਗਰੂਕਤਾ ਉਨ੍ਹਾਂ ਅਨੁਭਵਾਂ ਤੋਂ ਪੈਦਾ ਹੁੰਦੀ ਹੈ ਜੋ ਸੱਚ ਦੀ ਪਰਖ ਕਰਦੇ ਹਨ, ਅਤੇ ਪੜਚੋਲ ਰਹਿਤ ਵਿਸ਼ਵਾਸਾਂ ਦੇ ਧਾਰਨੀ ਨਹੀਂ ਹੁੰਦੇ। ਉਨ੍ਹਾਂ ਦੇ ਬੋਲ ਇਸ ਲਈ ਮੁੱਲਵਾਨ ਹੁੰਦੇ ਹਨ ਕਿਉਂਕਿ ਇਨ੍ਹਾਂ ਦਾ ਉਦਭਵ ਰੁਪਾਂਤ੍ਰਿਤ ਹੋਏ ਜੀਵਨ ਵਿਚੋਂ ਹੁੰਦਾ ਹੈ, ਨਾ ਕਿ ਸਿਰਫ਼ ਸਿਧਾਂਤਿਕ ਵਿਚਾਰਾਂ ਵਿਚੋਂ। ਹਰ ਅਨੁਭਵ ਵਿਲੱਖਣ ਬਿਬੇਕਮਈ ਸੂਝ ਦੀ ਦਾਤ ਬਖ਼ਸ਼ਦਾ ਹੈ ਜੋ ਉਧਾਰ ਲਈ ਵਸਤ ਦੀ ਤਰ੍ਹਾਂ ਨਹੀਂ ਹੁੰਦੀ। ਇਸ ਤਰ੍ਹਾਂ, ਅਨੁਭਵੀ ਗਿਆਨ ਜੀਉਂਦਾ ਜਾਗਦਾ ਸੱਚ ਬਣ ਜਾਂਦਾ ਹੈ, ਜੋ ਹੋਂਦ ਦੀ ਅਸਲ ਸੱਚਾਈ ਨਾਲ ਜੁੜਿਆ ਹੁੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ
**Oneness In Diversity Research Foundation**
ਵੈੱਬਸਾਈਟ: **OnenessInDiversity.com**
ਈਮੇਲ: **onenessindiversityfoundation@gmail.com**